੧ੴ ਸਤਿਗੁਰ ਪ੍ਰਸਾਦਿ ॥

"ਗੁਰੁ-ਮੂਰਤਿ ਗੁਰ-ਸਬਦ ਹੈ..."੧੧॥ (ਵਾਰ ੨੪)

(ਭਾਈ ਗੁਰਦਾਸ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੀ

# ਸ਼ਬਦ-ਮੂਰਤਿ

(ਦਸਵੇਂ ਪਾਤਿਸ਼ਾਹ ਦੇ ਗ੍ਰੰਥ)

ਦਾ

# ਇਤਿਹਾਸ

ਲੇਖਕ—ਰਣਧੀਰ ਸਿੰਘ, ਹਿਸਟਰੀ ਰੀ: ਸਕਾਲਰ

ਪ੍ਰਕਾਸ਼ਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਅੰਮ੍ਰਿਤਸਰ

ਸੰਮਤ ੪੯੩ ਗੁਰੂ—੨੦੧੯ ਬਿ:

ਭੇਟਾ ੧)੨੫

ਪ੍ਰਕਾਸ਼ਕ :-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਅੰਮ੍ਰਿਤਸਰ।

ਤੀਜੀ ਵਾਰ ੧੦੦੦] [ਜੂਨ ੧੯੬੨

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, (ਰਾਮਸਰ ਰੋਡ)
ਅੰਮ੍ਰਿਤਸਰ।
ਪ੍ਰਿੰਟਰ—ਸ: ਬਚਨ ਸਿੰ

# ਸ਼ੁੱਧੀ ਪੱਤਰ

| ਪੰਨਾ | ਸਤਰ | ਅਸ਼ੁੱਧ | ਸ਼ੁੱਧ |
|---|---|---|---|
| ਅ | ੩ | ਲੈਕੇ ਕੇ | ਲੈਕੇ |
| ੭ | ਪੈਰ ਟਿੱਪਣੀ | ਸੰਸਾਰ ਸੁਖਾਂ | ਸੰਸਾਰੀ ਸੁਖਾਂ |
| ੧੬ | ਪੈ: ਟਿੱ:‡ | ਇਸ ਥਾਂ ਖ਼ਾਲੀ | ਇਸ ਵਾਸਤੇ ਥਾਂ..... |
| ੨੨ | ੬ | ਵਿਚੋੜੇ | ਵਿਛੋੜੇ |
| ੨੩ | ੨੧ | ਪੈਂਤਲ | ਪੈਂਤਾਲ |
| ੨੪ | ੨ | ਦੁਰਗਾ ਦੇਵੀ ਦੀ | ਦੁਰਗਾ ਦੇਵੀ ਦਾ |
| ੨੫ | ੨੨–੨੩ | ਪਚਵੰਜਾਹ ਬਿੱ: (੧੬੯੮ ਈ:) | ਚੁਰੰਜਾਹ ਬਿੱ: (੧੬੯੭-੮ ਈ:) |
| — | ੨੪ | ਮੁੱਡਲੀਆਂ | ਮੁੱਢਲੀਆਂ |
| ੨੬ | ਪੈਰ ਟਿੱਪਣੀ | 'ਪਿੱਲ' | 'ਪਿੱਲਿਇ' |
| ੨੭ | ੮ | (ਯਾ ਸਰਧਾਲੂ ਸਿੱਖ) | (ਯਾ ਸਰਧਾਲੂ ਸਿੱਖਾਂ) |
| — | ਪੈ: ਟਿੱ: | †ਵੀਹ ਵਿੱਸਵੇ, ਉਸੇ ਪੰਡਿਤ ਨੇ, ਜਿਸ ਦੇ ਦਿਲ ਦੀ ਬੁੱਝ ਕੇ, ਅਗਲੇ ਵੀਹ 'ਤ੍ਰਿਭੰਗੀ ਛੰਦ' ਉਚਾਰੇ ਗਏ। | |
| ੨੮ | ੪ | ਆਪਣ | ਆਪਣੀ |
| — | ੧੩ | ਤਬ | ਤਦ |
| ੩੦ | ਪੈ: ਟਿ:–੪ | ੪੮੧ | ੪੭੧ |
| ੩੧ | ੧੮ | ਵਾਲੇ, ਭੁਲੇਖਿਆਂ ਦਾ ਸਮਾਧਾਨ | ਵਾਲੇ ਭੁਲੇਖਿਆਂ ਦਾ ਸਮਾਧਾਨ, |
| ੩੧ | ਪੈ: ਟਿੱ:* | ਇਨ੍ਹਾਂ ਛੰਦਾਂ | ਇਨ੍ਹਾਂ ਦੋਹਾਂ ਛੰਦਾਂ |
| ੩੩ | | ਵਿਆਖਿਆ ਸਿੱਖ, | ਵਿਆਖਿਆ, ਸਿੱਖ |
| ੩੪ | -- | ਕੁ-ਭਰਥ | ਕੁ-ਭਰਤ |
| — | ੨੯ | 'ਬੱਚਿਤ੍ਰ-— | 'ਬਿਚਿੱਤ੍ਰ----- |

| | | | |
|---|---|---|---|
| ੪੦ | ੫ | ਮਨਸ-ਦਾਰ | ਮਨਸਬਦਾਰ |
| ੪੨ | ੭ | ੧੪੫੫ਪਂ | ੧੩੧੮ |
| — | ਪੈ: ਟਿ:ਂ | ਸਾਰੀ ਕੱਟ ਦਿਓ ! | |
| ੪੮ | ੨੯ | ਪਦਣਾ' | ਪਟਣਾ' |
| ੫੨ | ੧ | ਸੰਪਾਦਤ | ਸੰਪਾਦਨ |
| — | ੧੪ | ਇਹ ਬੀੜਾਂ, | ਇਹ ਬੀੜਾਂ ਭੀ, |
| ੫੭ | ੧੫ | ਹੋਰ ਕਈ | ਹੋਰ ਕੋਈ |
| ੬੧ | ੧ | ਮਨਹੁ ਹਾਥਿ | ਮਨ ਹਾਥਿ |
| ੭੦ | ੩ | ਬਖਾਨੇ ! | ਬਖਾਨੋ ! |
| ੭੧ | ਪੈਰ ਟਿੱਪਣੀ–੨ | ਮਿਸਾਲ | ਮਿਸਲ |
| ੮੬ | ੧ | ਅਨੰਦ | ਅਨੰਤ |
| — | ੧੫ | ਜਮੋ | ਨਮੋ |
| ੯੩ | ੩ | ਮੱਛਾਂਵਤਾਰ | ਮੱਛ ਅਵਤਾਰ |
| ੯੫ | ੭ | ਇਸ ਤਰ੍ਹਾਂ | ਇਸੇ ਤਰ੍ਹਾਂ |
| ੧੦੪ | ੧੭ | 'ਗੁਰ ਗ੍ਰੰਥ– | 'ਗੁਰੂ ਗ੍ਰੰਥ'– |
| ੧੦੫ | ੧ | ਤ ਪਾਠ-ਵਿਚਾਰ | ਤੇ ਪਾਠ-ਵਿਚਾਰ |

# ਮੁੱਢਲੀ ਬੇਨਤੀ

ਕੋਈ ਸਮਾਂ ਸੀ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 'ਗ੍ਰੰਥ ਸਾਹਿਬ' ਦਾ ਬੜੇ ਅਦਬ-ਸਤਿਕਾਰ ਨਾਲ ਤਕਰੀਬਨ ਹਰ ਇੱਕ ਸਿੱਖ-ਮੰਦਿਰ ਵਿਚ ਪ੍ਰਕਾਸ਼ ਕਰ ਕੇ, ਪੜ੍ਹਿਆ ਤੇ ਵਿਚਾਰਿਆ ਜਾਂਦਾ ਸੀ। ਗਿਆਨੀ, ਪ੍ਰਚਾਰਕ ਤੇ ਕਥਾ-ਵਾਚਕ ਬਣਨ ਲਈ, ਇਸ 'ਗ੍ਰੰਥ' ਦਾ ਪਾਠੀ ਹੋਣਾ ਵੀ ਨਿਹਾਇਤ ਜ਼ਰੂਰੀ ਸੀ। ਐਪਰ ਪੰਜਾਹ-ਪਚਵੰਜਾਹ ਸਾਲ ਤੋਂ ਇਸ ਮਹਾਨ ਗ੍ਰੰਥ ਨੂੰ ਇਤਨਾਂ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ, ਕਿ ਪਾਠ-ਵਿਚਾਰ ਤਾਂ ਕਿਧਰੇ ਰਿਹਾ, ਦਰਸ਼ਨ ਭੀ ਦੁਰਲੱਭ ਹੁੰਦੇ ਜਾ ਰਹੇ ਹਨ।

ਦਸਮ ਪਾਤਿਸ਼ਾਹ ਦੀ ਬਾਣੀ, ਚਾਰੇ ਪਦਾਰਥਾਂ—ਧਰਮ, ਅਰਥ, ਕਾਮ, ਮੋਖ—ਸੰਬੰਧੀ, ਕਾਫੀ ਵਾਕਫੀਅਤ ਦੀ ਖਾਣੀ ਅਤੇ ਜਗਤ ਦੇ ਪਰਮ ਪ੍ਰਾਚੀਨ ਇਤਿਹਾਸ ਦਾ ਭਰਪੂਰ-ਭੰਡਾਰ ਹੈ। ਇਸ ਦੇ ਪੜ੍ਹਨ ਨਾਲ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ, ਅਨੇਕਾਂ ਇਤਿਹਾਸਕ ਘਟਨਾ ਵੱਲਿ ਕੀਤੇ ਇਸ਼ਾਰਿਆਂ ਦੀ, ਪੂਰੀ ਪੂਰੀ ਸੋਝੀ ਪੈਂਦੀ ਹੈ। ਲੰਮੀ ਗੁਲਾਮੀ ਦੇ ਕਾਰਨ, ਮੱਚ-ਮਰੀਆਂ ਕੌਮਾਂ ਵਿੱਚ, ਨਵੇਂ ਸਿਰੇ ਪਉਰਖ ਤੇ ਅਣਖ ਜਗਾਉਣ ਦਾ ਅਦੁੱਤੀ ਵਸੀਲਾ ਖਿਆਲ ਕਰ ਕੇ ਹੀ, ਸ੍ਰੀ ਦਸਮੇਸ਼ ਜੀ ਨੇ ਇਸ ਗ੍ਰੰਥ ਵਿਚ, 'ਬਾਬਾਣੀਆ ਕਹਾਣੀਆ' ਲਿਖੀਆਂ ਹਨ। ਜੋ ਪੁੱਤ੍ਰਾਂ ਨੂੰ ਸਪੁੱਤ੍ਰ ਬਣਾਉਣ ਲਈ ਸਮ੍ਰੱਥ ਹੁੰਦੀਆਂ ਹਨ। ਲੇਕਿਨ ਇਸ ਗ੍ਰੰਥ ਦੀ ਰਚਨਾ, ਪੁਰਾਣੀ ਦੇਸ਼-ਭਾਖਾ ਤੇ ਫਾਰਸੀ ਆਦਿਕ ਬੋਲੀਆਂ ਦੇ ਰਲੇ-ਮਿਲੇ ਸ਼ਬਦਾਂ ਵਿੱਚ ਹੈ; ਨਾਲੇ ਪੁਰਾਣੇ ਰਿਵਾਜ ਅਨੁਸਾਰ ਅਛੇਦ (ਮਿਲੇ-ਜੁੜੇ ਅੱਖਰਾਂ ਵਿੱਚ) ਲਿਖੀ ਤੇ ਛਪੀ ਹੈ; ਇਸ ਲਈ ਸਾਧਾਰਨ ਬੰਦਿਆਂ ਪਾਸੋਂ ਛੇਤੀ ਪੜ੍ਹੀ ਤੇ ਸਮਝੀ ਨਹੀਂ ਜਾ ਸਕਦੀ। ਇਸੇ ਕਾਰਨ ਇਸ ਗ੍ਰੰਥ ਦੇ ਦਰਸ਼ਨ-ਪਾਠ ਦਾ ਰਿਵਾਜ ਸਿੱਖਾਂ ਵਿਚੋਂ ਘਟ ਰਿਹਾ ਹੈ।

ਇਸ ਘਾਟੇ ਨੂੰ ਸਭ ਤੋਂ ਪਹਿਲੋਂ 'ਸ੍ਰੀ ਦਰਬਾਰ ਸਾਹਿਬ ਕਮੇਟੀ, ਅੰਮ੍ਰਿਤਸਰ' ਨੇ ਮਹਿਸੂਸ ਕੀਤਾ, ਅਤੇ ਇਸ ਦਾ ਇਲਾਜ ਇਹ ਸੋਚਿਆ, ਕਿ 'ਦਸਮ ਗ੍ਰੰਥ' ਦੇ ਸ਼ਬਦਾਰਥ (ਪ੍ਰਯਾਯ) ਤਿਆਰ ਕਰਵਾਏ

ਜਾਣ। ਕਮੇਟੀ ਨੇ ਵਿੱਦਵਾਨਾਂ ਦਾ ਉੱਦਮ ਟੁੰਬਣ ਵਾਸਤੇ ੨੬-੯-੩੧
ਨੂੰ ਇਕ ਪ੍ਰੇਰਨਾ ਭਰਪੂਰ ਐਲਾਨ ਕੀਤਾ, ਜਿਸ ਦੇ ਅਧਾਰ ਪੁਰ, ਸੇਵਕ
ਨੇ ਇਸ ਉੱਤਮ ਗ੍ਰੰਥ ਦੇ ਰਚਨਹਾਰ ਦੀ ਹੀ ਓਟ ਲੈਕੇ, ਇਸ ਮਹਾਨ
ਕਾਰਜ ਨੂੰ ਹੱਥ ਪਾ ਲਿਆ; ਅਰੁ ਸੰਮਤ ੧੯੯੨ ਬਿ: (੧੯੩੫ ਈ:)
ਵਿਚ ਕਾਰਜ ਗੁਰ-ਕ੍ਰਿਪਾ ਨਾਲ ਨਿਰ-ਵਿਘਨ ਸਿਰੇ ਚੜ੍ਹ ਗਿਆ। ਹੁਣ
ਇਸ ਨੂੰ ਛਾਪਣ ਦੀਆਂ ਤਿਆਰੀਆਂ ਅੰਗੜਾਈਆਂ ਲੈ ਰਹੀਆਂ ਹਨ।

'ਦਸਮਗ੍ਰੰਥ' ਸੰਬੰਧੀ, ਕੁਝ ਅੱਰਸੇ ਤੋਂ ਚੂੰਕਿ ਕਈ ਤਰ੍ਹਾਂ ਦੀਆਂ
ਗ਼ਲਤ-ਫਹਿਮੀਆਂ ਜੇਹੀਆਂ ਪੈ ਰਹੀਆਂ ਹਨ: ਇਸ ਲਈ ਸੱਤ-ਅੱਠ
ਵਰ੍ਹੇ ਇਨ੍ਹਾਂ ਭੁਲੇਖਿਆ ਦੀ ਖੋਜ-ਪੜਤਾਲ ਕਰਨ ਪੁਰ ਭੀ ਖਰਚ ਕਰਨੇ
ਪੈ ਗਏ ਹਨ। ਇਸ ਲੰਮੀ ਤੇ ਖਰਚੀਲੀ ਖੋਜ ਦਾ ਨਤੀਜਾ, ਅਗਲੇ ਕੁੱਝ
ਪੱਤ੍ਰਿਆਂ ਪੁਰ ਅੰਕਿਤ ਹੈ। ਆਸ ਹੈ, ਵਿੱਦਵਾਨ ਸੱਜਣ, ਸੇਵਕ ਦੀਆਂ
ਵਾਹੀਆਂ ਵਿੰਗੀਆਂ-ਟੇਡੀਆਂ ਲੀਹਾਂ ਉਤੇ, ਅਪਣੀ ਯੋਗਤਾ ਦਾ ਚਾਨਣ
ਪਾ ਕੇ, 'ਦਸਮ-ਗ੍ਰੰਥ' ਲਿਖਣ ਦੇ ਸਹੀ ਮਨੋਰਥ ਨੂੰ ਸਮਝਣ ਵਿਚ
ਸਾਧਾਰਨ ਜਨਤਾ ਦੀ ਅਗਵਾਈ ਕਰਨਗੇ।

ਜਿਸ ਅਗਾਧ-ਬੋਧ ਗ੍ਰੰਥ ਦਾ ਅਰਥ-ਬੋਧ ਕਰਾਉਣ ਲਈ
ਇਹ ਸਾਰਾ ਉੱਦਮ ਤੇ ਖਰਚ ਹੋ ਰਿਹਾ ਹੈ;ਉਸ ਦੀ ਤੇ ਰਚਨਹਾਰ ਕਵਿ
ਮਣਿ ਦੀ ਜਾਣ-ਪਛਾਣ ਕਰਾਉਣਾ ਭੀ ਨਿਹਾਇਤ ਜ਼ਰੂਰੀ ਸੀ; ਇਸ
ਗੱਲ ਨੂੰ ਮੁੱਖ ਰੱਖ ਕੇ, ਇਹ ਕੁਝ ਪੱਤਰੇ ਲਿਖੇ ਗਏ ਹਨ। ਜੋ
'ਸ਼ਬਦਾਰਥ' ਸੈਂਚਿਆਂ ਦਾ ਜ਼ਰੂਰੀ ਅੰਗ ਸਮਝਣੇ ਚਾਹੀਦੇ ਹਨ। ਕਿਸੇ
ਗ੍ਰੰਥ ਦੀ 'ਭੂਮਿਕਾ' ਤੇ 'ਅੰਤਿਕਾ', ਉਸ ਦੇ 'ਸਿਰ' ਤੇ 'ਪੈਰ' ਦੀ
ਹੈਸੀਅਤ ਰਖਦੀਆਂ ਹਨ। ਇਸ ਲਈ ਇਨ੍ਹਾਂ ਨੂੰ ਗ੍ਰੰਥ ਨਾਲੋਂ ਅੱਡ
ਕਰਨਾ, ਉਸਨੂੰ ਰੁੰਡ-ਮੁੰਡ ਬਨਾਉਣ ਦੇ ਤੁੱਲ ਹੈ।

ਸੇਵਕ ਨੇ ਜੋ ਵਿਚਾਰ, ਇਸ ਨਿੱਕੇ ਜਿਹੇ ਪੁਸਤਕ ਵਿਚ ਪੇਸ਼
ਕੀਤੇ ਹਨ, ਉਹ ਦਰੁਸਤ ਹਨ; ਯਾ ਗ਼ਲਤ ? ਇਸ ਗੱਲ ਦਾ ਨਿਰਣਾ
ਕਰਾਉਣ ਵਾਸਤੇ ਹੀ, ਪੁਸਤਕ ਵਿਚਾਰਸ਼ੀਲ ਵਿੱਦਵਾਨਾਂ ਦੀ ਸੇਵਾ ਵਿੱਚ
ਜਾ ਰਹੀ ਹੈ। ਉਮੇਦ ਹੈ, ਆਪ ਪੂਰੇ ਧਿਆਨ. ਨਾਲ ਇਸ ਨੂੰ ਵਾਚ-
ਚਾਰ ਕੇ, ਆਪਣੀ ਅਮੋਲਕ ਰਾਇ ਕਾਇਮ ਕਰੋਗੇ॥

ਅੰਮ੍ਰਿਤਸਰ — ਪ੍ਰਾਰਥਕ-ਰਣਧੀਰ ਸਿੰਘ
੧-੬--੧੯੬੨